## ਤੁਹਾਡੇ ਬੱਚੇ ਦੇ ਸਕੂਲ ਵਿਚਲੇ ਲੋਕ

### ਸਕੂਲ ਆਧਾਰਿਤ ਪੜ੍ਹਾਈ ਕਰਵਾਉਣ ਵਾਲਾ ਸਟਾਫ:

ਤੁਹਾਡੇ ਬੱਚੇ ਦੇ ਕਲਾਸਰੂਮ ਦੇ ਟੀਚਰ ਤੋਂ ਇਲਾਵਾ, ਖਾਸ ਤੌਰ `ਤੇ ਟਰੇਂਡ ਟੀਚਰ ਵੀ ਹਨ ਜਿਹੜੇ ਬੱਚਿਆਂ ਦੀ ਮਦਦ ਕਰਦੇ ਹਨ। ਇਨ੍ਹਾਂ ਵਿਚ ਸ਼ਾਮਲ ਹੋ ਸਕਦੇ ਹਨ:

**1. ਅੰਗਰੇਜ਼ੀ ਦੂਜੀ ਜ਼ਬਾਨ ਵਜੋਂ ਪੜ੍ਹਾਉਣ ਵਾਲੇ (ਈ ਐੱਸ ਐੱਲ) ਅਤੇ/ਜਾਂ ਇੰਗਲਿਸ਼ ਲੈਂਗੂਏਜ ਸੈਂਟਰ (ਈ ਐੱਲ ਸੀ) ਟੀਚਰਜ਼**

- ਇਹ ਟੀਚਰ ਉਨ੍ਹਾਂ ਵਿਦਿਆਰਥੀਆਂ ਨਾਲ ਕੰਮ ਕਰਨ ਲਈ ਟਰੇਂਡ ਹੁੰਦੇ ਹਨ ਜਿਨ੍ਹਾਂ ਦੀ ਅੰਗਰੇਜ਼ੀ ਪਹਿਲੀ ਜ਼ਬਾਨ ਨਹੀਂ ਹੁੰਦੀ।
- ਬਹੁਤੇ ਸਕੂਲਾਂ ਵਿਚ ਇਨ੍ਹਾਂ ਟੀਚਰਾਂ ਕੋਲ ਉਨ੍ਹਾਂ ਵਿਦਿਆਰਥੀਆਂ ਦੀਆਂ ਕਲਾਸਾਂ ਹੁੰਦੀਆਂ ਹਨ ਜਿਹੜੇ ਅੰਗਰੇਜ਼ੀ ਵਿਚ ਸੁਣਨ, ਬੋਲਣ, ਪੜ੍ਹਣ ਅਤੇ ਲਿਖਣ ਦੇ ਹੁਨਰ ਵਿਕਸਤ ਕਰ ਰਹੇ ਹੁੰਦੇ ਹਨ।

**2. ਹੁਨਰਾਂ ਦੇ ਵਿਕਾਸ ਲਈ ਸੈਂਟਰ (ਐੱਸ ਡੀ ਸੀ) ਦੇ ਟੀਚਰ**

- ਇਹ ਟੀਚਰ ਉਨ੍ਹਾਂ ਸਾਰੇ ਵਿਦਿਆਰਥੀਆਂ ਦੀ ਮਦਦ ਕਰਨ ਲਈ ਟਰੇਂਡ ਹੁੰਦੇ ਹਨ ਜਿਨ੍ਹਾਂ ਨੂੰ ਸਿੱਖਣ ਵਿਚ ਮੁਸ਼ਕਲਾਂ ਆ ਰਹੀਆਂ ਹੁੰਦੀਆਂ ਹਨ।
- ਉਹ ਉਨ੍ਹਾਂ ਸਿਖਾਂਦਰੂਆਂ ਨਾਲ ਕੰਮ ਕਰਦੇ ਹਨ ਜਿਨ੍ਹਾਂ ਨੂੰ ਅਕਾਦਮਿਕ ਹੁਨਰ ਮਜ਼ਬੂਤ ਕਰਨ ਲਈ ਵਾਧੂ ਮਦਦ ਦੀ ਲੋੜ ਹੁੰਦੀ ਹੈ।
- ਜ਼ਬਾਨ ਸਿੱਖਣਾ ਜਾਰੀ ਰੱਖਣ ਲਈ ਉਹ ਈ ਐੱਸ ਐੱਲ ਸਿਖਾਂਦਰੂਆਂ ਨਾਲ ਵੀ ਕੰਮ ਕਰ ਸਕਦੇ ਹਨ।

### ਨੌਨ-ਟੀਚਿੰਗ ਸਕੂਲ ਆਧਾਰਿਤ ਸਹਾਇਤਾ ਸਟਾਫ:

ਇਹ ਖਾਸ ਤੌਰ `ਤੇ ਟਰੇਂਡ ਸਟਾਫ ਹੁੰਦਾ ਹੈ ਜਿਹੜਾ ਵਿਦਿਆਰਥੀਆਂ ਦੀ ਖਾਸ ਮਦਦ ਕਰਦਾ ਹੈ।

**1. ਸਪੈਸ਼ਲ ਐਜੂਕੇਸ਼ਨ ਅਸਿਸਟੈਂਟਸ (ਐੱਸ ਈ ਏਜ਼)**

- ਐੱਸ ਈ ਏਜ਼ ਉਨ੍ਹਾਂ ਵਿਦਿਆਰਥੀਆਂ ਨਾਲ ਕੰਮ ਕਰਨ ਲਈ ਟਰੇਂਡ ਹੁੰਦੇ ਹਨ ਜਿਨ੍ਹਾਂ ਨੂੰ ਖਾਸ ਧਿਆਨ ਅਤੇ ਮਦਦ ਦੀ ਲੋੜ ਹੁੰਦੀ ਹੈ।
- ਉਹ ਵਿਦਿਆਰਥੀਆਂ ਦੀ ਮਦਦ ਕਰਨ ਲਈ ਟੀਚਰਾਂ ਨਾਲ ਸਿੱਧਾ ਕੰਮ ਕਰਦੇ ਹਨ।
- ਉਹ ਅਕਸਰ ਉਨ੍ਹਾਂ ਵਿਦਿਆਰਥੀਆਂ ਨਾਲ ਕੰਮ ਕਰਦੇ ਹਨ ਜਿਨ੍ਹਾਂ ਨੂੰ ਜ਼ਿਆਦਾ ਗੰਭੀਰ ਸਮੱਸਿਆਵਾਂ ਹੁੰਦੀਆਂ ਹਨ।

**2. ਯੂਥ ਐਂਡ ਫੈਮਿਲੀ ਵਰਕਰਜ਼ (ਵਾਈ ਐੱਫ ਡਬਲਯੂਜ਼)**

- ਵਾਈ ਐੱਫ ਡਬਲਯੂਜ਼ ਵਿਦਿਆਰਥੀਆਂ ਦੀਆਂ ਸਮਾਜਿਕ ਅਤੇ ਜਜ਼ਬਾਤੀ ਲੋੜਾਂ ਵਿਚ ਮਦਦ ਕਰਨ ਲਈ ਟਰੇਂਡ ਹੁੰਦੇ ਹਨ।
- ਉਹ ਆਮ ਤੌਰ `ਤੇ ਕਲਾਸਰੂਮ ਤੋਂ ਬਾਹਰ ਵਿਦਿਆਰਥੀਆਂ ਅਤੇ ਪਰਿਵਾਰਾਂ ਨਾਲ ਕੰਮ ਕਰਦੇ ਹਨ।
- ਉਹ ਵਿਦਿਆਰਥੀਆਂ ਅਤੇ ਪਰਿਵਾਰਾਂ ਨਾਲ ਸਿੱਧਾ ਕੰਮ ਕਰਦੇ ਹਨ ਅਤੇ ਇਸ ਦੇ ਨਾਲ ਨਾਲ ਸਕੂਲ, ਸਕੂਲ ਕਮਿਊਨਟੀ ਅਤੇ ਬਾਹਰਲੀਆਂ ਏਜੰਸੀਆਂ ਨਾਲ ਸੰਪਰਕ ਬਣਾਉਂਦੇ ਹਨ।

VSB

**“Who are the People in Your Child’s School?”**
***Secondary***

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada · British Columbia · WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈਕਟ ਸੰਭਵ ਹੋਇਆ ਹੈ।

# ਤੁਹਾਡੇ ਬੱਚੇ ਦੇ ਸਕੂਲ ਵਿਚਲੇ ਲੋਕ ਕੌਣ ਹਨ? ਉਨ੍ਹਾਂ ਦੀਆਂ ਕੀ ਜ਼ਿੰਮੇਵਾਰੀਆਂ ਹਨ?



***ਸੈਕੰਡਰੀ***

## ਤੁਹਾਡੇ ਬੱਚੇ ਦੇ ਸਕੂਲ ਵਿਚਲੇ ਲੋਕ



*ਤੁਹਾਡੇ ਬੱਚੇ ਦੇ ਸਕੂਲ ਵਿਚ ਕਲਾਸਰੂਮ ਦੇ ਟੀਚਰ ਬਹੁਤ ਸਾਰੇ ਹੋਰ ਲੋਕਾਂ ਨਾਲ ਕੰਮ ਰਲ ਕੇ ਕੰਮ ਕਰਦੇ ਹਨ। ਉਹ ਸਕੂਲ ਵਿਚ ਇਹ ਪੱਕਾ ਕਰਨ ਲਈ ਹੁੰਦੇ ਹਨ ਕਿ ਤੁਹਾਡਾ ਬੱਚਾ ਅਤੇ ਸਕੂਲ ਦੇ ਸਾਰੇ ਬੱਚੇ, ਸੁਰੱਖਿਅਤ ਅਤੇ ਸੁਆਗਤ ਕਰਨ ਵਾਲੇ ਮਾਹੌਲ ਵਿਚ ਆਪਣੀ ਪੂਰੀ ਸਮਰੱਥਾ ਨਾਲ ਆਪਣੇ ਹੁਨਰ ਵਿਕਸਤ ਕਰਨ।*

*ਸਕੂਲ ਵਿਚ ਤੁਹਾਡੇ ਬੱਚੇ ਦੀ ਮਦਦ ਕਰਨ ਵਾਲੇ ਲੋਕ ਹਰ ਸਕੂਲ ਵਿਚ ਵੱਖਰੇ ਹੋਣਗੇ।*

### ਪ੍ਰਬੰਧ:

ਸਕੂਲ ਪ੍ਰਿੰਸੀਪਲ ਅਤੇ/ਜਾਂ ਵਾਈਸ ਪ੍ਰਿੰਸੀਪਲ ਸਕੂਲ ਦੇ ਪ੍ਰਬੰਧਕ ਹਨ। ਉਨ੍ਹਾਂ ਨੂੰ ਐਡਮਿਨਸਟਰੇਟਿਵ ਔਫੀਸਰਜ਼ ਜਾਂ ਏ.ਓ.ਐੱਸ. ਵੀ ਆਖਿਆ ਜਾ ਸਕਦਾ ਹੈ।

ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਲ ਹੈ:
- ਹਰ ਵਿਦਿਆਰਥੀ ਦੀ ਸਿਹਤ ਅਤੇ ਸੁਰੱਖਿਆ;
- ਇਹ ਪੱਕਾ ਕਰਨਾ ਕਿ ਬ੍ਰਿਟਿਸ਼ ਕੋਲੰਬੀਆ ਸਕੂਲ ਐਕਟ* ਦੀਆਂ ਸੇਧਾਂ ਦੀ ਪਾਲਣਾ ਕੀਤੀ ਜਾ ਰਹੀ ਹੈ;
- ਸਕੂਲ ਦਾ ਕੰਮ ਕਾਜ ਅਤੇ ਕਾਰਵਾਈਆ ਤਹਿ ਕਰਨਾ;
- ਸਕੂਲ ਦੀਆਂ ਪਲੈਨਾਂ ਲਾਗੂ ਕਰਨ ਲਈ ਸਟਾਫ ਨਾਲ ਕੰਮ ਕਰਨਾ; ਅਤੇ
- ਸਕੂਲ ਦੇ ਫੈਸਲਿਆਂ ਵਿਚ ਮਾਪਿਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਮਾਪਿਆਂ ਨੂੰ ਮਿਲਣਾ।

### ਪ੍ਰਬੰਧਕੀ ਸਹਾਇਕ:

ਸੈਕਟਰੀ ਜਾਂ ਪ੍ਰਬੰਧਕੀ ਸਹਾਇਕ ਪ੍ਰਬੰਧਕਾਂ ਨਾਲ ਕੰਮ ਕਰਦੇ ਹਨ।

ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਲ ਹੈ:
- ਪੇਪਰਾਂ ਦੇ ਕੰਮ ਨੂੰ ਸੰਭਾਲਣਾ;
- ਇਹ ਪੱਕਾ ਕਰਨ ਲਈ ਪ੍ਰਬੰਧਕਾਂ ਦੀ ਮਦਦ ਕਰਨਾ ਕਿ ਸਕੂਲ ਦਾ ਕੰਮ ਕਾਜ ਨਿਰਵਿਘਨ ਚੱਲ ਰਿਹਾ ਹੈ ਜਿਸ ਵਿਚ ਬੱਜਟ ਵੀ ਸ਼ਾਮਲ ਹਨ;
- ਫੋਨ ਕਾਲਾਂ ਲੈਣਾ ਅਤੇ ਡਾਕ ਸਾਂਭਣਾ;
- ਮਾਪਿਆਂ ਨੂੰ ਫੋਨ ਕਰਨਾ ਜੇ ਉਨ੍ਹਾਂ ਦਾ ਬੱਚਾ ਬੀਮਾਰ ਹੋ ਜਾਵੇ ਜਾਂ ਉਸ ਨੂੰ ਸਕੂਲ ਤੋਂ ਲਿਜਾਏ ਜਾਣ ਦੀ ਲੋੜ ਹੋਵੇ; ਅਤੇ
- ਪੈਦਾ ਹੋਣ `ਤੇ ਐਮਰਜੰਸੀ ਫਸਟ ਏਡ ਹਾਲਤਾਂ ਨਾਲ ਸਿੱਝਣਾ।

*ਬ੍ਰਿਟਿਸ਼ ਕੋਲੰਬੀਆ ਸਕੂਲ ਐਕਟ ਦਾ ਨਾਂ ਬਰੋਸ਼ਰ ਦੇਖੋ।

### ਕੌਂਸਲਰ:

ਕੌਂਸਲਰ ਟੀਚਰ ਹਨ ਜਿਨ੍ਹਾਂ ਕੋਲ ਯੂਨੀਵਰਸਿਟੀ ਦੀ ਵਾਧੂ ਟਰੇਨਿੰਗ ਹੁੰਦੀ ਹੈ ਜਿਹੜੀ ਉਨ੍ਹਾਂ ਨੂੰ ਕੌਂਸਲਰ ਵਜੋਂ ਕੰਮ ਕਰਨ ਦੀ ਆਗਿਆ ਦਿੰਦੀ ਹੈ। ਵੱਡੇ ਸੈਕੰਡਰੀ ਸਕੂਲਾਂ ਵਿਚ ਕਈ ਕੌਂਸਲਰ ਹੋ ਸਕਦੇ ਹਨ।

ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਲ ਹੈ:
- ਸਮਾਜਿਕ, ਜਜ਼ਬਾਤੀ, ਅਤੇ ਅਕਾਦਮਿਕ ਵਿਕਾਸ ਵਿਚ ਵਿਦਿਆਰਥੀਆਂ ਦੀ ਮਦਦ ਕਰਨਾ;
- ਸਮੱਸਿਆਵਾਂ ਦੇ ਹੱਲ ਅਤੇ ਫੈਸਲੇ ਕਰਨ ਬਾਰੇ ਜਾਣਕਾਰੀ ਦੇਣਾ;
- ਕਿੱਤਿਆਂ, ਕੈਰੀਅਰ, ਅਤੇ ਪੜ੍ਹਾਈ ਦੀ ਪਲੈਨਿੰਗ ਬਾਰੇ ਜਾਣਕਾਰੀ ਦੇਣਾ;
- ਅਜਿਹੇ ਅਕਾਦਮਿਕ ਪ੍ਰੋਗਰਾਮਾਂ ਦੀ ਚੋਣ ਕਰਨ ਵਿਚ ਵਿਦਿਆਰਥੀਆਂ ਦੀ ਮਦਦ ਕਰਨਾ ਜਿਹੜੇ ਵਿਦਿਆਰਥੀਆਂ ਦੀਆਂ ਦਿਲਚਸਪੀਆਂ ਅਤੇ ਯੋਗਤਾਵਾਂ ਦਾ ਅਕਸ ਦਿਖਾਉਂਦੇ ਹੋਣ;
- ਵਿਦਿਆਰਥੀਆਂ ਨੂੰ ਸਾਰਾ ਸਾਲ ਨਿੱਜੀ ਤੌਰ `ਤੇ ਮਿਲਣਾ ਤਾਂ ਜੋ ਆਪਣੀ ਨਿੱਜੀ ਸੰਭਾਵਨਾਵਾਂ ਵੱਲ ਕੰਮ ਕਰਨ ਲਈ ਉਨ੍ਹਾਂ ਨੂੰ ਉਤਸ਼ਾਹ ਦਿੱਤਾ ਜਾ ਸਕੇ;
- ਪੜ੍ਹਾਈ ਦੀਆਂ ਖਾਸ ਮੁਸ਼ਕਲਾਂ ਵਾਲੇ ਵਿਦਿਆਰਥੀਆਂ ਦੀ ਪਛਾਣ ਕਰਨ ਵਿਚ ਮਦਦ ਕਰਨਾ;
- ਪੜ੍ਹਾਈ ਦੀ ਤਰੱਕੀ, ਕੈਰੀਅਰ ਦਿਲਚਸਪੀਆਂ ਅਤੇ ਪੋਸਟ-ਸੈਕੰਡਰੀ ਪਲੈਨਾਂ ਬਾਰੇ ਵਿਚਾਰ ਕਰਨ ਲਈ ਸੀਨੀਅਰ ਵਿਦਿਆਰਥੀਆਂ ਨੂੰ ਮਿਲਣਾ; ਅਤੇ
- ਇਹ ਪੱਕਾ ਕਰਨਾ ਕਿ ਵਿਦਿਆਰਥੀਆਂ ਕੋਲ ਗਰੈਜੂਏਟ ਹੋਣ ਅਤੇ/ਯੂਨੀਵਰਸਿਟੀ ਦੀਆਂ ਸ਼ਰਤਾਂ ਪੂਰੀਆਂ ਕਰਨ ਜੋਗੇ ਅਕਾਦਮਿਕ ਕਰੈਡਿਟ ਹਨ।

### ਕੈਰੀਅਰ ਬਾਰੇ ਜਾਣਕਾਰੀ ਦੇਣ ਵਾਲੇ ਅਸਿਸਟੈਂਟ:

ਇਹ ਪਦਵੀਆਂ ਕੁਝ ਸੈਕੰਡਰੀ ਸਕੂਲਾਂ ਵਿਚ ਹਨ।

ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਲ ਹੈ:
- ਕੈਰੀਅਰ ਅਤੇ ਪੜ੍ਹਾਈ ਦੀ ਟਰੇਨਿੰਗ ਲਈ ਮੁੱਖ ਸ੍ਰੋਤ ਬਣਨਾ;
- ਵਿਦਿਆਰਥੀਆਂ ਨੂੰ ਵੱਖ ਵੱਖ ਕਿੱਤਿਆਂ ਅਤੇ ਪੋਸਟ ਸੈਕੰਡਰੀ ਸੰਸਥਾਵਾਂ ਬਾਰੇ ਜਾਣਕਾਰੀ ਦੇਣਾ;
- ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਨਾ ਜਿਹੜੇ ਰੇਜ਼ਮੇ ਲਿਖ ਰਹੇ ਹਨ ਅਤੇ/ਜਾਂ ਜੌਬ ਇੰਟਰਵਿਊ ਲਈ ਤਿਆਰੀ ਕਰ ਰਹੇ ਹਨ; ਅਤੇ
- ਵਿਦਿਆਰਥੀਆਂ ਨੂੰ ਵਾਲੰਟੀਅਰ ਬਣਨ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਜਾਣਕਾਰੀ ਦੇਣਾ।

### ਲਾਇਬਰੇਰੀਅਨ:

ਲਾਇਬਰੇਰੀਅਨ ਟੀਚਰ ਹੁੰਦੇ ਹਨ ਜਿਨ੍ਹਾਂ ਕੋਲ ਲਾਇਬਰੇਰੀ ਚਲਾਉਣ ਲਈ ਯੂਨੀਵਰਸਿਟੀ ਦੀ ਵਾਧੂ ਟਰੇਨਿੰਗ ਹੁੰਦੀ ਹੈ:

ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਲ ਹੈ:
- ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਨਾ ਜਿਹੜੇ ਲਾਇਬਰੇਰੀ ਵਿਚ ਕਲਾਸਰੂਮ ਦੇ ਕੰਮ ਦੇ ਸਬੰਧ ਵਿਚ ਆਉਂਦੇ ਹਨ;
- ਪੜ੍ਹਾਉਣਾ ਜਾਂ ਕਲਾਸਰੂਮ ਦੇ ਟੀਚਰਾਂ ਨਾਲ ਪਾਠਕ੍ਰਮ ਦੇ ਕੁਝ ਯੂਨਿਟ ਪੜ੍ਹਾਉਣਾ;
- ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਨਾ ਜਿਹੜੇ ਮਨੋਰੰਜਨ ਲਈ ਅਤੇ ਅਕਾਦਮਿਕ ਪੜ੍ਹਣ ਸਾਮੱਗਰੀ ਲੱਭ ਰਹੇ ਹੁੰਦੇ ਹਨ; ਅਤੇ
- ਲਾਇਬਰੇਰੀ ਦੀ ਪੜ੍ਹਣ ਸਾਮੱਗਰੀ ਨੂੰ ਕਾਇਮ ਰੱਖਣਾ ਅਤੇ ਇਸ ਵਿਚ ਵਾਧਾ ਕਰਨਾ।